# ਧੂੰਏਂ ਦੇ ਅਲਾਰਮ ਹਾਸਲ ਕਰੋ

ਹਾਰਡਵੇਅਰ ਸਟੋਰਾਂ, ਹੋਮ ਇੰਪਰੂਵਮੈਂਟ ਸਟੋਰਾਂ ਜਾਂ ਡਿਪਾਰਟਮੈਂਟ ਸਟੋਰਾਂ ਤੋਂ ਤੁਸੀਂ ਖ਼ਰੀਦ ਸਕਦੇ ਹੋ।




- ਆਪਣੇ ਘਰ ਦੀ ਹਰ ਮਨਜ਼ਲ ਵਿੱਚ ਘੱਟੋ ਘੱਟ ਧੂੰਏਂ ਦਾ ਇੱਕ ਅਲਾਰਮ ਲਗਵਾਓ।
- ਹਰੇਕ ਬੈਡਰੂਮ ਅੰਦਰ ਅਤੇ ਹਰੇਕ ਸੌਣ ਵਾਲੀ ਜਗ੍ਹਾ ਦੇ ਬਾਹਰ ਅਲਾਰਮ ਲਗਵਾਓ।
- ਧੂੰਏ ਦੇ ਅਲਾਰਮ ਛੱਤ ਅੰਦਰ ਜਾਂ ਨੇੜੇ ਲਗਵਾਓ ਕਿਉਂਕਿ ਧੂਆਂ ਉਤਾਂਹ ਉੱਠਦਾ ਹੈ।
- ਧੂੰਏਂ ਦੇ ਅਲਾਰਮ ਖਿੜਕੀਆਂ, ਦਰਵਾਜਿਆਂ, ਵਿਰਲਾਂ, ਡੱਕਟਸ ਜਾਂ ਨੁੱਕਰਾਂ ਵਿੱਚ ਨਾ ਲਗਾਓ।

## ਹਰ ਸਾਲ ਬੈਟਰੀਆਂ ਬਦਲੋ।

- ਧੂੰਏਂ ਦੇ ਅਲਾਰਮ ਨੂੰ ਰਸੋਈ ਜਾਂ ਗੁਸਲਖਾਨੇ ਦੇ ਬਹੁਤਾ ਨੇੜੇ ਨਾ ਲਗਾਓ। ਭਾਵੇਂ ਅੱਗ ਨਾ ਵੀ ਲੱਗੀ ਹੋਵੇ ਤਾਂ ਵੀ ਭਾਫ਼ ਜਾਂ ਖਾਣਾ ਪਕਾਉਣ ਦੇ ਧੂੰਏਂ ਨਾਲ ਅਲਾਰਮ ਵੱਜ ਪੈਂਦਾ ਹੈ।

BRAMPTON Flower City
brampton.ca

**ਗੁਰ**

## ਅਜਿਹੇ ਲੋਕਾਂ ਲਈ ਧੂੰਏ ਦੇ ਅਲਾਰਮ ਜਿੰਨ੍ਹਾਂ ਨੂੰ ਸੁਣਨ ਵਿੱਚ ਮੁਸ਼ਕਲ ਆਉਂਦੀ ਹੋਵੇ।

ਅਜਿਹੇ ਲੋਕ, ਜਿੰਨ੍ਹਾਂ ਨੂੰ ਸੁਣਨ ਵਿੱਚ ਮੁਸ਼ਕਲ ਆਉਂਦੀ ਹੋਵੇ, ਨੂੰ ਵਿਸੇਸ਼ ਅਲਾਰਮ ਦੀ ਲੋੜ ਹੁੰਦੀ ਹੈ। ਇਹ ਦੱਸਣ ਲਈ ਕਿ ਅੱਗ ਲੱਗ ਗਈ ਹੈ,ਇੱਕ ਤੇਜ਼ ਰੌਸ਼ਨੀ ਅਚਾਨਕ ਚਮਕ ਪੈਂਦੀ ਹੈ ਜਾਂ ਉਨ੍ਹਾਂ ਦਾ ਬੈੱਡ ਹਿਲਣਾ ਸੁਰੂ ਕਰ ਦਿੰਦਾ ਹੈ।

ਅਜਿਹੇ ਵਿਸੇਸ਼ ਅਲਾਰਮ ਲਗਵਾਓ ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਚੰਗੀ ਤਰ੍ਹਾਂ ਸੁਣ ਨਹੀਂ ਸਕਦਾ।

*ਸੁਰੱਖਿਆ ਲਈ ਕੰਨੀਵੰਤ ਨੁਕਤੇ* ਪ੍ਰੋ ਲਿਟਰੇਸੀ ਵੱਲੋਂ ਸਪੌਂਸਰ ਕੀਤੇ ਗਏ ਹਨ। *ਫ਼ਾਇਰ ਪਰੀਵੈਨਸ਼ਨ ਐਂਡ ਸੇਫ਼ਟੀ ਗਰਾਂਟਾਂ*-ਅੱਗ ਬੁਝਾਉਣ ਵਾਲਿਆਂ ਲਈ ਗਰਾਂਟ ਪ੍ਰੋਗਰਾਮ ਵਾਸਤੇ ਡੀਐਚਐੱਸ/ ਐਫਈਐਮਏ ਗਰਾਂਟ ਪ੍ਰੋਗਰਾਮ ਡਾਇਰੈਕਟੋਰੇਟ ਵੱਲੋਂ ਫ਼ੰਡ ਮੁਹੱਈਆ ਕੀਤੇ ਗਏ ਹਨ।

# ਧੂੰਆਂ ਕੀ ਹੁੰਦਾ ਹੈ?

ਅਣੂਆਂ ਅਤੇ ਗੈਸ ਦਾ ਇੱਕ ਘਾਤਕ ਮਿਸ਼ਰਨ ਹੁੰਦਾ ਹੈ ਜੋ ਅੱਗ ਨਾਲ ਪੈਦਾ ਹੁੰਦਾ ਹੈ।



# ਧੂੰਆਂ ਖ਼ਤਰਨਾਕ ਹੁੰਦਾ ਹੈ

- ਧੂੰਆਂ ਬਹੁਤ ਤੇਜ਼ ਹੁੰਦਾ ਹੈ। ਧੂੰਏ ਦਾ ਅਲਾਰਮ ਵੱਜ ਜਾਣ ਪਿੱਛੋਂ ਤੁਹਾਡੇ ਕੋਲ ਸੁਰੱਖਿਆ ਨਾਲ ਘਰੋਂ ਬਾਹਰ ਨਿਕਲਣ ਲਈ ਲਗਭਗ ਦੋ ਮਿੰਟ ਹੁੰਦੇ ਹਨ।
- ਧੂੰਏ ਵਿੱਚ ਸਾਹ ਲੈਣਾ ਕਠਨ ਹੋ ਜਾਂਦਾ ਹੈ। ਇਹ ਤੁਹਾਨੂੰ ਬਿਮਾਰ ਕਰ ਸਕਦਾ ਹੈ, ਤੁਹਾਡੇ ਫੇਫੜਿਆਂ ਨੂੰ ਹਾਨੀ ਪਹੁੰਚਾ ਸਕਦਾ ਹੈ ਜਾਂ ਮਾਰ ਵੀ ਸਕਦਾ ਹੈ।
- ਧੂੰਆਂ ਕਾਲਾ ਹੁੰਦਾ ਹੈ ਅਤੇ ਤੁਹਾਡੀਆਂ ਅੱਖਾਂ ਨੂੰ ਹਾਨੀ ਪਹੁੰਚਾ ਸਕਦਾ ਹੈ। ਤੁਹਾਡੇ ਲਈ ਵੇਖਣਾ ਕਠਨ ਕਰ ਦਿੰਦਾ ਹੈ।
- ਧੂੰਆਂ ਖ਼ਾਮੋਸ਼ ਹੁੰਦਾ ਹੈ। ਇਹ ਚੋਰੀ ਚੋਰੀ ਤੁਹਾਡੇ ਉੱਪਰ ਆ ਸਕਦਾ ਹੈ ਖ਼ਾਸ ਕਰਕੇ ਜੇ ਤੁਸੀਂ ਸੁੱਤੇ ਹੋਵੋ।

# ਧੂੰਏ ਦੇ ਅਲਾਰਮ ਤੁਹਾਨੂੰ ਤੁਰੱਖਿਅਤ ਰੱਖਦੇ ਹਨ

- ਧੂੰਏ ਦੇ ਅਲਾਰਮ ਤੁਹਾਡੀ ਜਾਨ ਬਚਾਅ ਸਕਦੇ ਹਨ ਜਾਂ ਤੁਹਾਡੇ ਪਰਿਵਾਰ ਵੱਚੋਂ ਕਿਸੇ ਹੋਰ ਦੀ ਜਾਨ ਬਚਾਅ ਸਕਦੇ ਹਨ।
- ਜਦੋਂ ਅੱਗ ਲੱਗ ਜਾਵੇ ਤਾਂ ਤੁਹਾਡੇ ਵੱਲੋਂ ਇਸ ਨੂੰ ਵੇਖਣ, ਸੁਣਨ ਜਾਂ ਸੁੰਘਣ ਤੋਂ ਪਹਿਲਾਂ
- ਜੇ ਤੁਹਾਡੇ ਘਰ ਵਿੱਚ ਅੱਗ ਲੱਗ ਜਾਵੇ ਤਾਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਚਿਤਾਵਨੀ ਦੇਣ ਵਾਸਤੇ ਧੂੰਏ ਦੇ ਅਲਾਰਮ ਉੱਚਾ ਸ਼ੋਰ ਮਚਾਉਂਦੇ ਹਨ।
- ਜਦੋਂ ਤੁਸੀਂ ਸੁੱਤੇ ਹੋਵੋ ਤੇ ਘਰ ਵਿੱਚ ਅੱਗ ਲੱਗ ਜਾਣ ਦੀ ਸੂਰਤ ਵਿੱਚ ਤਾਂ ਧੂੰਏ ਦਾ ਅਲਾਰਮ ਤੁਹਾਨੂੰ ਜਗਾਅ ਦਿੰਦਾ ਹੈ ਤਾਕਿ ਤੁਸੀਂ ਸੁਰੱਖਿਆ ਨਾਲ ਬਾਹਰ ਨਿਕਲ ਸਕੋ।








## ਗੁਰ

**ਧੂੰਆਂ ਉਤਾਂਹ ਉਠਦਾ ਹੈ- ਨੀਵੇਂ ਹੋ ਕੇ ਜਾਓ!**

ਧੂੰਏ ਨਾਲ ਤੁਹਾਡੀ ਮੌਤ ਹੋ ਸਕਦੀ ਹੈ। ਧੂੰਆਂ ਉਤਾਂਹ ਉੱਠਦਾ ਹੈ। ਜੇ

